ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ

(Established by Act No.19 of 2019 of Legislature of the State of Punjab)

ਪੱਤਰ ਨੰ. PSOU/Admissioncell/805 ਮਿਤੀ: 24/12/24

ਦਾਖਲਾ ਨੋਟਿਸ

(ਸੈਸ਼ਨ - ਜਨਵਰੀ, 2025)

ਵੱਲ:

ਪ੍ਰਿੰਸੀਪਲ/ਕੋ-ਆਰਡੀਨੇਟਰ ਸਾਹਿਬਾਨ, ਸਬੰਧਤ ਲਰਨਰ ਸਪੋਰਟ ਸੈਂਟਰ,

ਮੁਖੀ/ਕੋ-ਆਰਡੀਨੇਟਰ ਸਾਹਿਬਾਨ, ਸਮੂਹ ਯੂਨੀਵਰਸਿਟੀ ਸਕੂਲ,

ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ।

ਵਿਸ਼ਾ- ਸੈਸ਼ਨ ਜਨਵਰੀ, 2025 ਲਈ ਦਾਖਲਾ ਪ੍ਰਕੀਰਿਆ ਮਿਤੀ 01/01/2025 ਤੋਂ ਸ਼ੁਰੂ ਕਰਨ ਸੰਬੰਧੀ।

ਯੂਨੀਵਰਸਿਟੀ ਕੈਲੰਡਰ ਅਤੇ ਕੰਪੀਟੈਂਟ ਅਥਾਰਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਵੱਲੋਂ ਚਲਾਏ ਜਾ ਰਹੇ ਪ੍ਰੋਗਰਾਮਾਂ ਅਧੀਨ ਸੈਸ਼ਨ ਜਨਵਰੀ, 2025 ਲਈ ਦਾਖਲਾ ਪ੍ਰਕਿਰਿਆ ਮਿਤੀ 01.01.2025 ਤੋਂ ਸ਼ੁਰੂ ਕੀਤੀ ਜਾ ਰਹੀ ਹੈ। ਸੈਸ਼ਨ ਜਨਵਰੀ, 2025 ਲਈ ਦਾਖਲੇ ਸੰਬੰਧੀ ਵਿਸਥਾਰਪੂਰਵਕ ਜਾਣਕਾਰੀ ਯੂਨੀਵਰਸਿਟੀ ਦੇ ਦਾਖਲਾ ਪੋਜ (https://admissions.psou.ac.in) ਤੇ ਉੱਪਲਬਧ ਹੈ। ਯੂਨੀਵਰਸਿਟੀ ਦੇ ਸਮੂਹ ਸਕੂਲਾਂ ਅਤੇ ਸੰਬੰਧਤ ਵਿਭਾਗਾਂ ਦੇ ਮੁੱਖੀ ਸਾਹਿਬਾਨਾਂ ਅਤੇ ਸੰਬੰਧਿਤ ਲਰਨਰ ਸਪੋਰਟ ਸੈਂਟਰਾਂ(LSCs) ਦੇ ਪ੍ਰਿੰਸੀਪਲ/ਕੋ-ਆਰਡੀਨੇਟਰ ਸਾਹਿਬਾਨਾਂ ਅਤੇ ਸਮੂਹ ਮੁਖੀ/ਕੋਆਰਡੀਨੇਟਰ ਸਾਹਿਬਾਨਾਂ, ਸੈਸ਼ਨ ਜਨਵਰੀ, 2025 ਦੀ ਦਾਖਲਾ ਪ੍ਰਕਿਰਿਆ ਲਈ ਉਹਨਾਂ ਨਾਲ ਸੰਬੰਧਤ ਕਾਰਜਾਂ ਨੂੰ ਮਿਤੀ 15.03.2025 ਤੱਕ ਪੂਰਾ ਕਰਨ ਲਈ ਲਿਖਿਆ ਜਾਂਦਾ ਹੈ ।

ਨੋਟ: ਯੂਨੀਵਰਸਿਟੀ ਸਕੂਲਾਂ ਦੇ ਮੁਖੀ ਸਹਿਬਾਨਾਂ ਅਤੇ ਸੰਬੰਧਿਤ ਲਰਨਰ ਸਪੋਰਟ ਸੈਟਰਾਂ ਦੇ ਪ੍ਰਿੰਸੀਪਲ/ਕੋ-ਆਰਡੀਨੇਟਰ ਸਹਿਬਾਨਾਂ ਆਪਣੇ ਸੰਬੰਧਿਤ ਪੋਰਟਲ ਦੇ ਲਾਗ-ਇਨ ਵਿੱਚ ਦਾਖਲ ਵਿਦਿਆਰਥੀਆਂ ਦੀ ਵਿਦਿਅਕ ਯੋਗਤਾ ਚੈੱਕ ਕਰਨ ਉਪਰੰਤ ਦਾਖਲਾ ਫਾਰਮਾਂ ਨੂੰ ਸਮੇਂ-ਸਿਰ ਵੈਰੀਫਾਈ ਕਰਨਾ ਯਕੀਨੀ ਬਣਾਉਣਗੇ।

ਦਾਖਲ ਵਿਦਿਆਰਥੀਆਂ ਨੂੰ ਵੈਰੀਫਾਈ ਕਰਨ ਉਪਰੰਤ ਸਬੰਧਤ ਡਾਟਾ ਲਾਕ ਕੀਤਾ ਜਾਵੇ ਅਤੇ ਸੰਬੰਧਿਤ ਵਿਦਿਆਰਥੀਆਂ ਦੀ ਜਮ੍ਹਾਂ ਕਰਵਾਈ ਫੀਸ ਦੀ ਜਾਣਕਾਰੀ ਭਰਨ ਉਪਰੰਤ ਅੰਤਿਮ ਰਿਪੋਰਟ, ਦਾਖਲ ਵਿਦਿਆਰਥੀਆਂ ਦੀ ਸੂਚੀ ਸਮੇਤ ਜਮ੍ਹਾਂ ਕਰਵਾਈ ਫੀਸ ਦੀ ਰਸੀਦ ਆਪਣੇ ਸੰਬੰਧਿਤ ਪੋਰਟਲ ਦੇ ਲਾਗ-ਇਨ ਵਿੱਚ ਅਪਲੋਡ ਕਰਨਾ ਲਾਜ਼ਮੀ ਬਣਾਉਣ ਜੀ। ਫਾਈਨਲ ਦਾਖਲਾ ਰਿਪੋਰਟ ਆਨਲਾਈਨ ਅਪਲੋਡ ਹੋਣ ਉਪਰੰਤ ਹੀ ਵਿਦਿਆਰਥੀਆਂ ਦੀ ਦਾਖਲਾ ਪ੍ਰਕਿਰਿਆ ਪੂਰੀ ਸਮਝੀ ਜਾਵੇਗੀ। ਉਪਰੋਕਤ ਸੰਬੰਧੀ ਆਪ ਜੀ ਨੂੰ ਯੂਨੀਵਰਸਿਟੀ ਦਾਖਲੇ ਸੰਬੰਧੀ ਕਿਸੇ ਵੀ ਕਿਸਮ ਦੀ ਸਮੱਸਿਆ ਆਉਂਦੀ ਹੈ ਤਾਂ ਇਸ ਸੰਬੰਧੀ ਦਾਖਲਾ ਹੈਲਪ-ਲਾਈਨ ਨੰਬਰ 94630-82523 ਅਤੇ admission.helpline@psou.ac.in, ਇਸ ਤੇ ਇਲਾਵਾ ਲਰਨਰ ਸਪੋਰਟ ਸੈਟਰਾਂ ਦੀਆਂ ਦਾਖਲਿਆਂ ਦੀ ਸਮੱਸਿਆ ਸੰਬੰਧੀ 9478964523 lsc.branch@psou.ac.in ਸੰਪਰਕ ਕੀਤਾ ਜਾਵੇ ਜੀ।

24/12/24

ਮੁਖੀ, ਦਾਖਲਾ ਸੈੱਲ

ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ ਯੂਨੀਵਰਸਿਟੀ,
ਪਟਿਆਲਾ।

ਉਤਾਰਾ ਜਾਣਕਾਰੀ ਅਤੇ ਅਗਰੇਲੀ ਕਾਰਵਾਈ ਹਿੱਤ:-

1. Dean Academic Affairs, JGND PSOU, Patiala
2. Registrar, JGND PSOU, Patiala
3. Secretary to Vice Chancellor, JGND, PSOU Patiala
4. Director, LSC, JGND PSOU, Patiala
5. Director, CITS, JGND PSOU, Patiala
6. P.R.O. JGND PSOU, Patiala
7. A.R (Accounts), JGND PSOU, Patiala
8. A.R (Academics), JGND PSOU, Patiala